بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.03.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਅਲਜਜ਼ਾਇਰ ਵਿੱਚ ਅੱਜ ਕੱਲ ਅਤਿਆਚਾਰ ਵੱਧ ਰਿਹਾਹੈ, ਪੁਲਿਸ ਅਹਮਦੀਆਂ ਨੂੰ ਪਰੇਸ਼ਾਨ ਕਰ ਰਹੀ ਹੈ । ਅਦਾਲਤਾਂ ਆਪਣੀ ਮਰਜ਼ੀ ਨਾਲ ਫ਼ੈਸਲੇ ਕਰਕੇ ਅਹਮਦੀਆਂ ਨੂੰ ਜੇਲਾਂ ਵਿੱਚ ਪਾ ਰਹੀਆਂ ਹਨ

ਇਹ ਲੋਕ ਜੋ ਜ਼ੁਲਮ ਕਰ ਰਹੇ ਹਨ ਉਹ ਚੇਤੇ ਰਖੱਣ ਕਿ ਰੱਬ ਮਜ਼ਲੂਮ ਨੂੰ ਦੇਖ ਰਿਹਾ ਹੈ ਅਤੇ ਮਜ਼ਲੂਮ ਦੀ ਦੁਆਵਾਂ ਅਰਸ਼ਾਂ ਤੀਕ ਪਹੁੰਚ ਰਹੀਆਂ ਹਨ ਉਸ ਦੀ ਅਦਾਲਤ ਨੇ ਜੱਦ ਫ਼ੈਸਲਾ ਕੀਤਾ ਤਾਂ ਇਹਨਾਂ ਜ਼ਾਲਮਾ ਦੀ ਨ ਦੁਨੀਆ ਰਹੇਗੀ ਨ ਆਖ਼ਰਤ

**ਇਸਲਾਮ ਵਿਰੋਧੀ ਸ਼ਕਤੀਆਂ ਦੇ ਜ਼ੋਰ ਨੂੰ ਤੋੜਨ ਲਈ ਜੇਕਰ ਕੋਈ ਜਤਨ ਕਰ ਸਕਦਾ ਹੈ, ਵਿਵਸਥਤ ਜਤਨ, ਤਾਂ ਓਹ ਜਮਾਤ ਅਹਮਦੀਆ ਹੀ ਕਰ ਸਕਦੀ ਹੈ, ਦੂਜੇ ਮੁਸਲਮਾਨ ਇਸਲਾਮ ਦੀ ਸੁੰਦਰਤਾ ਨੂੰ ਪ੍ਰਕਟ ਕਰਨ ਅਤੇ ਉਸ ਦਾ ਸੰਦੇਸ਼ ਪਹੁੰਚਾਉਣ ਦਾ ਕੰਮ ਨਹੀਂ ਕਰ ਸਕਦੇ, ਉਹਨਾਂ ਵਿੱਚ ਉਹ ਤੰਜ਼ੀਮ ਹੀ ਨਹੀਂ ਹੈ ਨ ਉਹਨਾਂ ਕੋਲ ਗਿਆਨ ਹੈ ।**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਮਾਰਚ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕਲੱ ਅਸੀਂ ਦੇਖਦੇ ਹਾਂ ਕਿ ਪਛੱਮੀ ਅਤੇ ਪ੍ਰਗਤੀਸ਼ੀਲ ਦੇਸ਼ਾਂ ਵਿੱਚ ਸੱਜੇ ਪੱਖੀ ਰਾਜਨੀਤਿਕ ਜਮਾਤਾਂ ਜਾਂ ਜਾਤੀ ਪ੍ਰਸਤ ਜਾਂ ਕੌਮ ਪ੍ਰਰਸਤ ਰਾਜਨੀਤਕਾਂ ਦੀ ਅਤੇ ਪਾਰਟੀਆਂ ਦੀ ਮਾਨਤਾ ਵਧੱਦੀ ਜਾ ਰਹੀ ਹੈ ਅਤੇ ਉਹਨਾਂ ਦੀ ਮਹਤੱਾ ਵਧੱਦੀ ਜਾ ਰਹੀ ਹੈ । ਵਿਸ਼ਲੇਸ਼ਣਕਾਰ ਵੀ ਇਸ ਬਾਰੇ ਬਹੁਤ ਕੁਝ ਲਿਖੱਦੇ ਹਨ ਕਿ ਵਰਤਾਮਾਨ ਸਰਕਾਰਾਂ ਜੋ

ਵਾਮਪੰਥੀ (ਖੱਬੇ ਪੱਖੀ) ਸਰਕਾਰਾਂ ਅਖਵਾਉਂਦੀਆਂ ਹਨ । ਉਹਨਾਂ ਦੀ ਇਮੀਗ੍ਰੇਸ਼ਨ ਪਾਲੀਸੀਜ਼ ਕਰਕੇ ਇਹ ਸਭ ਕੁਝ ਹੋ ਰਿਹਾ ਹੈ ਅਤੇ ਇਸ ਤੋਂ ਬਿਨਾ ਵੀ ਕੁਝ ਕਾਰਣ ਹਨ । ਪਰ ਇਹਨਾਂ ਸਾਰਿਆਂ ਦੀ ਤਾਣ ਆਣਕੇ ਮੁਸਲਮਾਨਾ'ਤੇ ਹੀ ਟੁੱਟਦੀ ਹੈ ਕਿ ਮੁਸਲਮਾਨਾਂ ਨੂੰ ਉਹਨਾਂ ਦੇ ਦੇਸ਼ਾਂ ਵਿੱਚ ਆਉਣਾ ਬੈਨ ਹੋਣਾ ਚਾਹੀਦਾ ਹੈ, ਉਹਨਾਂ ਨੂੰ ਰੋਕਣਾ ਚਾਹੀਦਾ ਹੈ ਕਿਉਂਕਿ ਇਹ ਸਾਡੇ ਅੰਦਰ ਘੁਲਦੇ ਮਿਲਦੇ ਨਹੀਂ ਅਤੇ ਅੱਡ ਰਹਿੰਦੇ ਹਨ ਅਤੇ ਆਪਣੇ ਧਰਮ ਨੂੰ ਜੋ ਉਹਨਾਂ ਦੇ ਵਿਚਾਰ ਵਿੱਚ ਕਟੱੜਵਾਦ ਦਾ ਧਰਮ ਹੈ, ਉਸ'ਤੇ ਅਮਲ ਕਰਦੇ ਹਨ ਜਾਂ ਫਿਰ ਇਹ ਕਿਹਾ ਜਾਂਦਾ ਹੈ ਕਿ ਉਹਨਾਂ ਨੂੰ ਜੇਕਰ ਏਥੇ ਆਣਕੇ ਰਹਿਣਾ ਹੈ ਤਾਂ ਫਿਰ ਆਪਣੀਆਂ ਰਿਵਾਇਤਾਂ (ਰੀਤੀਆਂ) ਨੂੰ ਛੱਡ ਕੇ ਸਾਡੇ ਤਰੀਕਿਆਂ ਅਤੇ ਸਾਡੇ ਰਹਿਣ ਸਹਿਣ ਨੂੰ ਅਪਨਾਉਂਣਾ ਹੋਵੇਗਾ । ਜੇਕਰ ਇਸ ਪ੍ਰਕਾਰ ਨਹੀਂ ਕਰਦੇ ਤਾਂ ਇਸ ਦਾ ਮਤਲਬ ਇਹ ਹੈ ਕਿ ਇਹ ਸਾਡੇ ਵਿੱਚ ਘੁਲਣਾ ਮਿਲਣਾ ਨਹੀਂ ਚਾਹੁੰਦੇ ਅਤੇ ਆਪਣੀ ਵਖੱਰਤਾ ਜਾਂ ਧਾਰਮਕ ਦਿੱਖ ਬਣਾਈ ਰਖੱਣਾ ਚਾਹੁੰਦੇ ਹਨ ਤਾਂ ਇਸ ਦਾ ਅਰਥ ਇਹ ਹੈ ਕਿ ਸਾਡੇ ਦੇਸ਼ ਲਈ ਖ਼ਤਰਨਾਕ ਹੋ ਸਕਦੇ ਹਨ । ਅਜੀਬ ਮੂਰਖਾਂ ਵਾਲੀਆਂ ਗਲੱਾਂ ਹਨ ਕਿ ਮੁਸਲਮਾਨਾਂ ਦੀਆਂ ਮਸਜਿਦਾਂ ਦੇ ਮਿਨਾਰ ਸਾਡੇ ਲਈ ਖ਼ਤਰਨਾਕ ਹਨ । ਇਹਨਾਂ ਦੀਆਂ ਇਸਤਰੀਆਂ ਦੇ ਪਰਦੇ ਸਾਡੇ ਲਈ ਖ਼ਤਰਾ ਹਨ । ਇਹਨਾਂ ਦੀਆਂ ਇਸਤਰੀਆਂ ਦਾ ਪੁਰਸ਼ਾਂ ਨਾਲ ਹੱਥ ਨ ਮਿਲਾਉਂਣਾ ਜਾਂ ਪੁਰੁਸ਼ਾਂ ਦਾ ਇਸਤਰੀਆਂ ਨਾਲ ਹੱਥ ਨ ਮਿਲਾਉਂਣਾ ਸਾਡੇ ਲਈ ਖ਼ਤਰਾ ਹੈ । ਏਥੇ ਯੂਕੇ ਵਿੱਚ ਤਾਂ ਇਕੱਾ ਦੁਕੱਾ ਰਾਜਨੀਤਕ ਹੀ ਸੰਭਵਤਾ ਇਸ ਪ੍ਰਕਾਰ ਦੀ ਗੱਲ ਕਰਦੇ ਹੋਣ ਪਰ ਹੋਰਨਾ ਦੇਸ਼ਾਂ ਵਿੱਚ ਇਸ ਬਾਰੇ ਬਹੁਤ ਸ਼ੋਰ ਹੈ ਅਤੇ ਫਿਰ ਪ੍ਰਤੀਦਿਨ ਰਾਨੀਤਕ ਬਿਆਨ ਆ ਰਹੇ ਹਨ ਇਸ ਬਾਰੇ । ਫਿਰ ਇਹ ਦਲੀਲ ਦਿੰਦੇ ਹਨ ਕਿ ਦੇਖੋ ਮੁਸਲਮਾਨਾਂ ਦਾ ਸਾਡੇ ਲਈ ਖ਼ਤਰਾ ਹੋਣਾ ਇਸ ਗੱਲ ਨਾਲ ਵੀ ਪ੍ਰਮਾਣਤ ਹੈ ਕਿ ਮੁਸਲਮਾਨ ਦੇਸ਼ਾਂ ਵਿੱਚ ਕਟੱੜਤਾ ਤੇ ਕੁਧਰਮ (ਅਰਾਜਕਤਾ, ਜੰਗਲਰਾਜ) ਅਤਿ ਨੂੰ ਪਹੁੰਚਿਆ ਹੋਇਆ ਹੈ ਅਤੇ ਸਾਡੇ ਦੇਸ਼ ਵਿੱਚ ਵੀ ਕਟੱੜਵਾਦੀਆਂ ਦੇ ਹਮਲੇ ਮੁਸਲਮਾਨਾਂ ਵੱਲੋਂ ਹੀ ਬਹੁਤੇ ਹੋ ਰਹੇ ਹਨ । ਬਾਕੀ ਦੀਆਂ ਗੱਲਾਂ ਉਹਨਾਂ ਦੀਆਂ ਇਸਲਾਮ ਵਿਰੋਧੀ ਹਨ ਪਰ ਬਦਕਿਸਮਤੀ ਨਾਲ ਇਹ ਗੱਲ ਉਹਨਾਂ ਦੀ ਸੱਚੀ ਹੈ ਕਿ ਮੁਸਲਮਾਨ ਦੇਸ਼ਾਂ ਵਿੱਚ ਕਟੱੜਤਾ ਹੈ । ਛੁੱਟ ਇਸ ਦੇ ਕਿ ਕਟੱੜਵਾਦੀ ਦਲਾਂ ਨੂੰ ਅਤੇ ਮੁਸਲਮਾਨ ਦੇਸ਼ਾਂ ਦੇ ਬਾਗ਼ੀਆਂ ਨੂੰ ਹੱਥਿਆਰ ਪਛੱਮੀ ਦੇਸ਼ਾਂ ਤੋਂ ਹੀ ਮਿਲਦੇ ਅਤੇ ਉਦੇਸ਼ ਹਾਸਲ ਕਰਨ ਲਈ ਅਤੇ ਇਸਲਾਮ ਦੇ ਵਿਰੁਧ ਜੋ ਘ੍ਰਿਣਾ ਹੈ ਉਸ ਦੇ ਪ੍ਰਗਟਾਵੇ ਲਈ ਕੁਝ ਸ਼ਕਤੀਆਂ ਨੇ ਬਹੁਤ ਹੁਸ਼ਿਆਰੀ ਨਾਲ ਇਹਨਾਂ ਦਲਾਂ ਨੂੰ ਵਿਵਸਥਤ ਕੀਤਾ ਹੈ । ਬਦਕਿਸਮਤੀ ਇਹ ਹੈ ਕਿ ਮੁਸਲਮਾਨਾਂ ਨੂੰ ਜੱਦ ਵੀ ਹਾਣ ਪਹੁੰਚਿਆ ਹੈ ਮੁਸਲਮਾਨਾਂ ਦੇ ਆਪਣੇ ਅਮਲ ਅਤੇ ਸਾਜ਼ਸ਼ਾਂ ਅਤੇ ਬਗ਼ਾਵਤਾਂ ਅਤੇ ਇਕ ਦੂਜੇ ਦੇ ਹੱਕ ਪੂਰੇ ਨ ਕਰਨ ਅਤੇ ਵਿਅਕਤੀਗੱਤ ਹਿਤਾਂ ਨੂੰ ਜਾਤੀ ਤੇ ਕੌਮੀ ਹਿਤਾਂ'ਤੇ ਪਹਿਲ ਦੇਣ ਕਰਕੇ ਹੀ ਪਹੁੰਚਿਆ ਹੈ । ਇਸਲਾਮ ਦੀ ਸਿੱਖਿਆ ਭੁਲੱਣ ਕਰਕੇ ਅਤੇ ਆਪਣੇ ਉਦੇਸ਼ਿਆਂ ਨੂੰ ਅੱਖੋਂ ਓਹਲੇ ਕਰਨ ਕਰਕੇ ਹੀ ਪਹੁੰਚਿਆ ਹੈ । ਛੁੱਟ ਇਸ ਦੇ ਕਿ ਆਪਣੀ ਆਤਮਕ ਅਵਸਥਾ ਨੂੰ ਸੁਧਾਰਦੇ ਅਤੇ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੇ ਆਦੇਸ਼ਾਂ ਦੀ ਪੈਰ੍ਹਵੀ ਕਰਦੇ, ਸੰਸਾਰਕ ਲੋਭ ਅਤੇ ਸੰਸਾਰਕ ਮਾਣ ਅਤੇ ਹੁਕੁਮਰਾਨਾ ਉਦੇਸ਼ਿਆਂ ਦੇ ਵੀ ਹੋਰਨਾ ਰਾਜਨੇਤਿਕ ਲੀਡਰਾਂ ਦੇ ਵੀ ਅਤੇ ਮੌਲਵੀਆਂ ਦੀ ਪਹਿਲ ਬਣ ਗਏ ਹਨ ਅਤੇ ਮੌਲਵੀਆਂ ਨੇ ਉਮੱਤ ਨੂੰ ਹੋਰ ਵੀ ਅੰਧਕਾਰਾਂ ਦੇ ਖੱਡਿਆਂ ਵਿੱਚ ਧਕੱਣ ਵਿੱਚ ਆਪਣਾ ਕਿਰਦਾਰ ਧਰਮ ਦੀ ਆੜ ਵਿੱਚ ਪੂਰਾ ਕੀਤਾ ਹੈ ਅਤੇ ਕਰ ਰਹੇ ਹਨ । ਛੁੱਟ ਇਸ ਦੇ ਕਿ ਜ਼ਮਾਨੇ ਦੀ ਹਾਲਤ ਨੂੰ ਦੇਖਦਿਆਂ ਹੋਇਆਂ ਅਤੇ ਰੱਬ ਦੇ ਵਾਦਿਆਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹਨਾਂ ਹਾਲਾਤਾਂ ਦਾ ਜੋ ਤਕਾਦਾ ਸੀ ਉਹਨਾ'ਤੇ ਗ਼ੌਰ ਕਰਦੇ ਅਤੇ ਇਹ ਦੇਖਦੇ ਕਿ ਅਸੀਂ ਇਹਨਾ ਹਾਲਤਾਂ ਵਿੱਚ ਉਸ ਵਿਅਕਤੀ ਦੀ ਭਾਲ ਕਰੀਏ ਜਿਸ ਬਾਰੇ ਰੱਬ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਇਹਨਾਂ ਹਾਲਾਤਾਂ

ਵਿੱਚ ਉਹ ਈਮਾਨ ਨੂੰ 'ਸੁਰੱਯਾ' ਤੋਂ ਵਾਪਸ ਲੈ ਆਵੇਗਾ ਅਤੇ ਇਸਲਾਮ ਦੀ ਸਾਖ਼ (ਦ੍ਰਿੜ੍ਹਤਾ) ਨੂੰ ਅਤੇ ਮੁਸਲਮਾਨਾ ਦੇ ਇਮਾਨ ਨੂੰ ਦੁਬਾਰਾ ਕਾਇਮ ਕਰੇਗਾ । ਨ ਕੇਵਲ ਇਸ ਗੱਲ ਤੋਂ ਇਹ ਲੋਕ ਬੇਪਰਵਾਹ ਹੋ ਗਏ ਸਗਾਂ ਰੱਬ ਦੇ ਭੇਜੇ ਹੋਏ ਦੀ ਵਿਰੋਧਤਾ ਵਿੱਚ ਐਨ੍ਹੇ ਵੱਧ ਗਏ ਕਿ ਜਿਸ ਦੀ ਕੋਈ ਸੀਮਾ ਨਹੀਂ ਅਤੇ ਇਸ ਦੇ ਮੰਨ੍ਹਣ ਵਾਲਿਆਂ ਉਪੱਰ ਜ਼ੁਲਮ ਤੇ ਅਤਿਆਚਾਰ ਦੀ ਅਤਿ ਕਰ ਦਿੱਤੀ । ਅੱਜ ਕੱਲ ਅਲਜਜ਼ਾਇਰ ਵਿੱਚ ਇਹ ਜ਼ੁਲਮ ਵੱਧ ਰਿਹਾ ਹੈ । ਪੁਲਿਸ ਅਹਮਦੀਆਂ ਨੂੰ ਪਰੇਸ਼ਾਨ ਕਰ ਰਹੀ ਹੈ, ਅਦਾਲਤਾਂ ਆਪਣੀ ਮਰਜ਼ੀ ਦੇ ਫ਼ੈਸਲੇ ਕਰਕੇ ਅਮਹਦੀਆਂ ਨੂੰ ਜੇਲਾਂ ਵਿੱਚ ਪਾ ਰਹੀ ਹਨ । ਅਤੇ ਕਈਆਂ ਨੂੰ ਇਕ ਸਾਲ ਤੋਂ ਤਿੰਨ ਸਾਲ ਤੱਕ ਦੀ ਜੇਲ ਦੀ ਸਜ਼ਾ ਮਿਲੀ ਹੈ ਕੇਵਲ ਇਸ ਲਈ ਕਿ ਉਹਨਾਂ ਨੇ ਇਹ ਕਿਹਾ ਕਿ ਅਸੀਂ ਆਉਣ ਵਾਲੇ ਇਮਾਮ ਨੂੰ ਮੰਨ ਲਿਆ ਹੈ ਅਤੇ ਇਸ ਲਈ ਮੰਨ ਲਿਆ ਹੈ ਕਿ ਸਾਨੂੰ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦਾ ਇਹੋ ਆਦੇਸ਼ ਹੈ । ਇਹ ਲੋਕ ਜੋ ਜੇਲਾਂ ਵਿੱਚ ਹਨ ਜਾਂ ਜਿੰਨ੍ਹਾ ਨੂੰ ਦੰਡ ਮਿਲਿਆ ਹੈ ਜਾਂ ਜੋ ਦੰਡ ਦੀ ਉਡੀਕ ਕਰ ਰਹੇ ਹਨ ਅਤੇ ਪੁਲਿਸ ਕਸਟਡੀ ਵਿੱਚ ਹਨ ਜਾਂ ਜਿੰਨ੍ਹਾ ਨੂੰ ਪ੍ਰੇਸ਼ਾਨ (ਪ੍ਰਤਾੜਤ) ਕੀਤਾ ਗਿਆ ਹੈ, ਉਹਨਾਂ ਦੀ ਗਿਣਤੀ ਵੀ ਦੋ ਸੌ ਤੋਂ ਵੱਧ ਹੈ ਅਤੇ ਸਾਰਿਆਂ ਨੇ ਸਖ਼ਤੀਆਂ ਝਲੱਣ ਦੇ ਬਾਦ ਵੀ ਇਸ ਗੱਲ ਦਾ ਪ੍ਰਗਟਾਵਾ ਕੀਤਾ ਹੈ ਕਿ ਜੋ ਸਖ਼ਤੀ ਸਾਡੇ ਉਪੱਰ ਕਰ ਲੈਣ, ਅਸੀਂ ਆਪਣੇ ਈਮਾਨ ਤੋਂ ਪਿੱਛੇ ਹਟਣ ਵਾਲੇ ਨਹੀਂ ਹਨ । ਪਰ ਇਹ ਲੋਕ ਜੋ ਜ਼ੁਲਮ ਕਰ ਰਹੇ ਹਨ ਉਹ ਵੀ ਚੇਤੇ ਰਖੱਣ ਕਿ ਰੱਬ ਮਜ਼ਲੂਮ ਨੂੰ ਦੇਖ ਰਿਹਾ ਹੈ ਅਤੇ ਮਜ਼ਲੂਮ ਦੀ ਦੁਆਵਾਂ ਰੱਬ ਦੇ ਅਰਸ਼ਾਂ ਤੀਕ ਪਹੁੰਚ ਰਹੀਆਂ ਹਨ । ਉਸ ਦੀ ਅਦਾਲਤ ਨੇ ਜੱਦ ਫ਼ੈਸਲਾ ਕੀਤਾ ਤਾਂ ਇਹਨਾਂ ਜ਼ਾਲਮਾ ਦੀ ਨ ਦੁਨੀਆ ਰਹੇਗੀ ਨ ਆਖਰਤ । ਸੋ, ਇਹਨਾਂ ਨੂੰ ਰੱਬ ਦੀ ਤਕਦੀਰ ਤੋਂ ਡਰਨਾ ਚਾਹੀਦਾ ਹੈ । ਅਹਮਦੀਆਂ ਉਪੱਰ ਜ਼ੁਲਮ ਕਰਕੇ ਅਤੇ ਇਸਲਾਮ ਦੇ ਨਾਂ'ਤੇ ਗ਼ਲਤ ਕੰਮ ਕਰਕੇ ਆਪਣੀ ਸਰਕਾਰ ਤੇ ਸ਼ਕਤੀ ਦੇ ਬਲਬੂਤੇ ਉਪੱਰ ਜਿਸ ਨੂੰ ਇਹ ਆਪਣੀ ਸਫ਼ਲਤਾ ਸਮਝ ਰਹੇ ਹਨ, ਉਹਨਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਕ ਦਿਨ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋਣਾ ਹੈ ਅਤੇ ਓਥੇ ਇਹਨਾ ਜ਼ੁਲਮਾ ਦਾ ਉਤੱਰ ਦੇਣਾ ਹੋਵੇਗਾ । ਮੁਸਲਮਾਨਾ ਦੀ ਹਾਲਤ ਵੀ ਇਸ ਸਮਾਂ ਅਜੀਬ ਬਣੀ ਹੋਈ ਹੈ ਇਸ ਪਾਸੇ ਅਖੌਤੀ ਮੌਲਵੀਆਂ ਦਾ ਵਰਗ (ਤਬਕਾ) ਹੈ ਜਾਂ ਕਟੱੜਵਾਦੀਆਂ ਦਾ ਵਰਗ ਹੈ ਜਿਸ ਨੇ ਹਰ ਪਾਸੇ ਇਸਲਾਮ ਦੇ ਨਾਂ'ਤੇ ਫ਼ਸਾਦ ਮਚਾਇਆ ਹੋਇਆ ਹੈ ਅਤੇ ਦੂਜੇ ਪਾਸੇ ਉਹ ਲੋਕ ਹਨ ਜੋ ਇਹਨਾ ਦੀ ਪ੍ਰਤੀਕ੍ਰਿਆ ਦੇ ਰੂਪ ਵਿੱਚ ਅਤੇ ਸੰਸਾਰਕ ਪ੍ਰਭਾਵ ਹੇਠ ਧਰਮ ਤੋਂ ਅਣਜਾਨ ਹਨ । ਇਸੇ ਪ੍ਰਕਾਰ ਕਈ ਰਾਜਨੀਤਕ ਲੀਡਰ ਹਨ ਉਹ ਜੇਕਰ ਮੌਲਵੀਆਂ ਨਾਲ ਸਹਿਮਤ ਨ ਵੀ ਹੋਣ ਤਾਂ ਆਪਣੀ ਕੁਰਸੀ ਦੇ ਖੋਹੇ ਜਾਣ ਦੇ ਡਰ ਨਾਲ ਕਿ ਕਿਤੇ ਮੌਲਵੀ ਲੋਕਾਂ ਨੂੰ ਸਾਡੇ ਵਿਰੁਧ ਭੜਕਾ ਨ ਦੇਵੇ ਚੁੱਪ ਹਨ । ਸੰਭਵਤਾ ਮੁਸਲਮਾਨਾਂ ਵਿੱਚੋਂ ਹਰ ਉਹ ਵਰਗ ਜਿਸ ਨੇ ਰੱਬ ਦੇ ਭੇਜੇ ਹੋਏ ਦਾ ਇਨਕਾਰ ਕੀਤਾ ਉਹ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੇ ਆਦੇਸ਼ਾਂ ਤੋਂ ਦੂਰ ਚਲਾ ਗਿਆ ਹੈ । ਅਜਿਹੇ ਹਾਲਾਤ ਵਿੱਚ ਅਹਮਦੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਜੱਦ ਉਹਨਾਂ ਨੇ ਜ਼ਮਾਨੇ ਦੇ ਇਮਾਮ ਨੂੰ ਮੰਨਿਆ ਹੈ ਤਾਂ ਉਹਨਾਂ'ਤੇ ਬਹੁਤ ਵੱਡੀ ਜ਼ਿੱਮੇਦਾਰੀ ਲਾਗੂ ਹੁੰਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਣਕੇ ਸਾਨੂੰ ਇਹ ਦੱਸਿਆ ਕਿ ਤੁਸੀਂ ਰੱਬ ਦੇ ਆਦੇਸ਼ਾਂ ਅਨੁਸਾਰ ਚਲੱਣਾ ਹੈ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਵੀ ਕਰਨੀ ਹੈ, ਆਪਣੇ ਇਮਾਨ ਨੂੰ ਵੀ ਨਸ਼ਟ ਨਹੀਂ ਕਰਨਾ ਅਤੇ ਫ਼ਸਾਦ ਨੂੰ ਵੀ ਪੈਦਾ ਨਹੀਂ ਹੋਣ ਦੇਣਾ ਅਤੇ ਨਾਲ ਹੀ ਇਹ ਚੀਜ਼ ਵੀ ਸਾਹਮਣੇ ਰਖੱਣੀ ਹੈ ਕਿ ਰੱਬ ਦੇ ਸੰਦੇਸ਼ ਨੂੰ ਦੁਨੀਆ ਤੱਕ ਪਹੁੰਚਾਉਂਣਾ ਵੀ ਹੈ ਤਾਂ ਜੋ ਤੌਹੀਦ (ਇਕ ਈਸ਼ਵਰਵਾਦ) ਦੀ ਸਥਾਪਨਾ ਹੋਵੇ । ਰੱਬ ਨੇ ਕੁਰਆਨ ਕਰੀਮ ਵਿੱਚ ਜੋ ਸਾਡਾ ਮਾਰਗ ਦਰਸ਼ਨ ਕੀਤਾ ਹੈ ਉਸ ਅਨੁਸਾਰ ਚੱਲੋ ਅਤੇ ਉਹ ਇਹ ਹੈ ਕਿ :

(اُدۡعُ اِلٰی سَبِیۡلِ رَبِّکَ بِالۡحِکۡمَۃِ وَالۡمَوۡعِظَۃِ الۡحَسَنَۃِ وَجَادِلۡہُمۡ بِالَّتِیۡ ہِیَ اَحۡسَنُ ؕ اِنَّ رَبَّکَ ہُوَ اَعۡلَمُ بِمَنۡ ضَلَّ عَنۡ سَبِیۡلِہٖ وَہُوَ اَعۡلَمُ بِالۡمُہۡتَدِیۡنَ) ਉਦਊ ਇਲਾ ਸਬੀਲਿ ਰੱਬਿਕਾ ਬਿਲ ਹਿਕਮਾਤਿ ਵਲ ਮੋਈਜ਼ਾਤਿਲ ਹਾਸਾਨਾਤਿ ਵ ਜਾਦਿਲਹੁਮ ਬਿਲੱਾਤੀ ਹਿਯਾ ਅਹਸਾਨੁ, ਇਨੱਾ ਰਬੱਾਕਾ ਹੁਵਾ ਆਲਾਮੁ ਬਿਮਨ ਜ਼ਲੱਾ ਅੰਨ ਸਬੀਲਿਹੀ ਵ ਹੁਵਾ ਆਲਾਮੁ ਬਿਲ ਮੁਹਤਾਦੀਨ । ਅਰਥਾਤ ਆਪਣੇ ਰੱਬ ਦੇ ਮਾਰਗ ਵੱਲ ਦਾਨਾਈ ਨਾਲ ਅਤੇ ਚੰਗੀ ਨਸੀਹਤ ਨਾਲ ਬੁਲਾ ਅਤੇ ਉਹਨਾਂ ਨਾਲ ਅਜਿਹੀ ਦਲੀਲ ਨਾਲ ਗੱਲ ਕਰ ਜੋ ਚੰਗੀ ਹੋਵੇ । ਸੋ, ਪ੍ਰਚਾਰ ਲਈ ਇਸਲਾਮ ਦੀ ਸੁੰਦਰ ਸਿੱਖਿਆ ਨੂੰ ਫੈਲਾਉਣ ਲਈ ਇਸਲਾਮੀ ਆਦੇਸ਼ਾਂ ਦੀ ਦਾਨਾਈ ਦਸੱਣ ਲਈ ਦਲੀਲ ਨਾਲ ਗੱਲ ਕਰਨੀ ਜ਼ਰੂਰੀ ਹੈ ਨ ਕਿ ਇਸ ਪ੍ਰਕਾਰ ਜਿਵੇਂ ਅੱਜ ਕਲ ਅਖੋਤੀ ਮੌਲਵੀ ਜਾਂ ਕਟੱੜਵਾਦੀ ਦਲ ਕਰ ਰਹੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਇਤ (وَجَادِلۡہُمۡ بِالَّتِیۡ ہِیَ اَحۡسَنُ) 'ਜਾਦਿਲਹੁਮ ਬਿਲੱਾਤੀ ਹਿਯਾ ਅਹਸਾਨੁ' ਦਾ ਇਹ ਨਿਸ਼ਚਾ ਨਹੀਂ ਕਿ ਅਸੀਂ ਐਨ੍ਹੀ ਨਰਮੀ ਕਰੀਏ ਕਿ ਹਾਂ ਵਿੱਚ ਹਾਂ ਮਿਲਾਕੇ ਗਲਤ ਗੱਲ ਦੀ ਹਾਮੀ ਭਰ ਦੇਈਏ । ਸੋ, ਦਾਨਾਈ ਦਾ ਅਰਥ ਇਹ ਨਹੀਂ ਹੈ ਕਿ ਬੁਜ਼ਦਿਲੀ ਦਿਖਾਈ ਜਾਵੇ ਸਗੋਂ ਸੱਚੀ ਗੱਲ ਨੂੰ ਬਿਨਾ ਫ਼ਸਾਦ ਦੇ ਕਹਿਣਾ ਇਹ ਦਾਨਾਈ ਹੈ ।

ਫਿਰ ਇਕ ਥਾਂ ਇਸ ਬਾਰੇ ਹੋਰ ਵਿਆਖਿਆ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੱਦ ਤੂੰ ਕਿਸੇ ਨਾਲ ਤਰਕ ਵਿਤਰਕ ਕਰੇਂ ਤਾਂ ਦਾਨਾਈ ਤੇ ਨੇਕ ਨਸੀਹਤਾਂ ਨਾਲ ਬਹਿਸ ਕਰ ਜੋ ਨਰਮੀ ਤੇ ਸਭਿਆਚਾਰੀ ਹੋਵੇ । ਹਾਂ ਇਹ ਸੱਚ ਹੈ ਕਿ ਬਥੇਰੇ ਇਸ ਯੁੱਗ ਵਿੱਚ ਜਾਹਲ ਤੇ ਮੂਰਖ ਮੌਲਵੀ ਆਪਣੀ ਬੇਵਕੂਫ਼ੀ ਨਾਲ ਇਹੋ ਖ਼ਿਆਲ ਰਖੱਦੇ ਹਨ ਕਿ ਜਿਹਾਦ ਅਤੇ ਤਲਵਾਰ ਨਾਲ ਦੀਨ ਨੂੰ ਫੈਲਾਉਂਣਾ ਅਤਿਅੰਤ ਪੁੰਨ ਦਾ ਕੰਮ ਹੈ ਅਤੇ ਉਹ ਗੁਪਤ ਰੂਪ ਵਿੱਚ ਤੇ ਪਖੰਡੀ ਜੀਵਨ ਬਤੀਤ ਕਰਦੇ ਹਨ ਪਰ ਅਜਿਹੇ ਵਿਚਾਰ ਵਿੱਚ ਸਖ਼ਤ ਗ਼ਲਤੀ ਵਿੱਚ ਹਨ ਅਤੇ ਉਹਨਾਂ ਦੀ ਗ਼ਲਤ ਫ਼ਹਿਮੀ ਕਰਕੇ ਇਲਹੀ ਕਿਤਾਬ ਉਪੱਰ ਆਰੋਪ ਨਹੀਂ ਆ ਸਕਦਾ। ਜੇਕਰ ਉਹ ਅਜਿਹੀਆਂ ਗੱਲੱਾਂ ਕਰਦੇ ਹਨ ਤਾਂ ਉਹਨਾਂ ਦੀ ਗ਼ਲਤੀ ਹੈ ਇਸ ਦਾ ਅਰਥ ਇਹ ਨਹੀਂ ਹੈ ਕਿ ਰੱਬ ਦੀ ਕਿਤਾਬ ਉਪੱਰ ਆਰੋਪ ਲੱਗੇ । ਫ਼ਰਮਾਇਆ ਕਿ ਕਿ ਵਾਸਤਵਿਕ ਸਚੱਾਈਆਂ ਤੇ ਹਕੀਕੀ ਸਚੱਾਈਆਂ ਕਿਸੇ ਜਬਰ ਦੀਆਂ ਮੁਥਾਜ ਨਹੀਂ ਹੁੰਦੀਆਂ, ਸਗੋਂ ਜਬਰ ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਰੂਹਾਨੀ ਦਲੀਲਾਂ ਕਮਜ਼ੋਰ ਹਨ । ਕੀ ਉਹ ਰੱਬ ਜਿਸ ਨੇ ਆਪਣੇ ਪਵਿਤੱਰ ਰਸੂਲ ਸਲਲੱਾਹੁ ਅਲੈਹਿ ਵਸਲਮ ਉਪੱਰ ਵਹੀ ਕੀਤੀ ਕਿ (فاصبر کما صبر اولوالعزم) ਫ਼ਸਬਿਰ ਕਮਾ ਸਾਬਾਰੁ ਉਲੁਲ ਅਜ਼ਮਿ' ਅਰਥਾਤ ਤੂੰ ਅਜਿਹਾ ਸਬਰ ਕਰ ਜੋ ਸਾਰਿਆਂ 'ਉਲੁਲਅਜ਼ਮ' ਰਸੂਲਾਂ ਦੇ ਸਬਰ ਦੇ ਬਰਾਬਰ ਹੋਵੇ ਅਰਥਾਤ ਜੇਕਰ ਨਮਬੀਆਂ ਦਾ ਸਬਰ ਇਕਤੱਰ ਕੀਤਾ ਜਾਵੇ ਤਾਂ ਉਹ ਤੇਰੇ ਸਬਰ ਤੋਂ ਬਹੁਤਾ ਨ ਹੋਵੇ ਅਤੇ ਫਿਰ ਫ਼ਾਮਾਇਆ ਕਿ (لا اکراہ فی الدین) 'ਲਾ ਇਕਰਾਹਾ ਫ਼ਿੱਦੀਨ' ਅਰਥਾਤ ਧਰਮ ਵਿੱਚ ਜਬਰ ਨਹੀਂ ਚਾਹੀਦਾ ਅਤੇ ਫਿਰ ਫ਼ਰਮਾਇਆ ਕਿ (اُدۡعُ اِلٰی سَبِیۡلِ رَبِّکَ بِالۡحِکۡمَۃِ وَالۡمَوۡعِظَۃِ الۡحَسَنَۃِ وَجَادِلۡہُمۡ بِالَّتِیۡ ہِیَ اَحۡسَنُ) "ਉਦਊ ਇਲਾ ਸਬੀਲਿ ਰੱਬਿਕਾ ਬਿਲ ਹਿਕਮਾਤਿ ਵਲ ਮੋਈਜ਼ਾਤਿਲ ਹਾਸਾਨਾਤਿ ਵ ਜਾਦਿਲਹੁਮ ਬਿਲੱਾਤੀ ਹਿਯਾ ਅਹਸਾਨੁ," ਅਰਥਾਤ ਦਾਨਾਈ ਤੇ ਨੇਕ ਨਸੀਹਤਾਂ ਨਾਲ ਤਰਕ ਵਿਤਰਕ ਕਰੋ ਨ ਕਿ ਸਖ਼ਤੀ ਨਾਲ ਅਤੇ ਫਿਰ ਫ਼ਰਮਾਇਆ (والکاظمین الغیظ والعافین عن الناس) "ਵਲ ਕਾਜ਼ਿਮੀਨਲ ਗ਼ੈਜ਼ਾ ਵਲ ਆਫ਼ੀਨਾ ਅਨਿਨੱਾਸਿ" ਅਰਥਾਤ ਮੋਮਨ ਉਹੋ ਹਨ ਜੋ ਗੁੱਸੇ ਨੂੰ ਖਾ ਜਾਂਦੇ ਹਨ ਅਤੇ ਜਾਂ ਉਹ ਜ਼ਾਲਮ ਲੋਕਾਂ ਦੇ ਹਮਲਿਆਂ ਨੂੰ ਮੁਆਫ਼ ਕਰ ਦਿੰਦੇ ਹਨ ਅਤੇ ਬੇਹੂਦਗੀ ਦਾ ਉਤੱਰ ਬੇਹੂਦਗੀ ਨਾਲ ਨਹੀਂ ਦਿੰਦੇ । ਕੀ ਅਜਿਹਾ ਰੱਬ ਇਹ ਸਿੱਖਿਆ ਦੇ ਸਕਦਾ ਹੈ ਕਿ ਤੁਸੀਂ ਆਪਣੇ ਧਰਮ ਦੇ ਇਨਕਾਰੀਆਂ ਨੂੰ ਕਤਲ ਕਰ ਦਿਓ ਅਤੇ ਉਹਨਾਂ ਦੇ ਮਾਲ ਲੁੱਟ ਲਓ ਅਤੇ ਉਹਨਾਂ ਦੇ ਘਰਾਂ ਨੂੰ ਉਜਾੜ ਦਿਓ

ਸਗੋਂ ਇਸਲਾਮ ਦੀ ਮੁਢੱਲੀ ਕਾਰਵਾਈ ਜੋ ਇਲਾਹੀ ਹੁਕਮ ਅਨੁਸਾਰ ਸੀ, ਕੇਵਲ ਐਨ੍ਹੀ ਸੀ ਕਿ ਜਿੰਨ੍ਹਾ ਨੇ ਅਤਿਆਚਾਰੀ ਰੂਪ ਵਿੱਚ ਤਲਵਾਰ ਚੁੱਕੀ ਉਹ ਤਲਵਾਰ ਨਾਲ ਹੀ ਮਾਰੇ ਗਏ ਅਤੇ ਜਿਵੇਂ ਕੀਤਾ ਵੈਸਾ ਹੀ ਆਪਣਾ ਬਦਲਾ ਪਾ ਲਿਆ । ਫ਼ਰਮਾਇਆ ਕਿ ਇਹ ਕਿੱਥੇ ਲਿੱਖਿਆ ਹੈ ਕਿ ਤਲਵਾਰ ਨਾਲ ਇਨਕਾਰੀਆਂ ਨੂੰ ਕਤਲ ਕਰਦੇ ਫਿਰੋ । ਇਹ ਤਾਂ ਜਾਹਲ ਮੌਲਵੀਆਂ ਅਤੇ ਮੂਰਖ ਪਾਦਰੀਆਂ ਦਾ ਵਿਚਾਰ ਹੈ ਜਿਸ ਦੀ ਕੋਈ ਵੀ ਸਚਾਈ ਨਹੀਂ ।

ਸੋ, ਇਸਲਾਮ ਦੀ ਸਿੱਖਿਆ, ਜਿਸ'ਤੇ ਦੂਜੇ ਮੁਸਲਮਾਨ ਤਾਂ ਅਮਲ ਨਹੀਂ ਕਰਦੇ ਜਾਂ ਇਸ ਲਈ ਕਿ ਉਹਨਾਂ ਨੂੰ ਇਸਲਾਮ ਦਾ ਸੰਦੇਸ਼ ਪਹੁੰਚਾਉਣ ਵਿੱਚ ਦਿਲਚਸਪੀ ਨਹੀਂ ਹੈ ਜਾਂ ਇਸ ਲਈ ਕਿ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਮਲਾਮ ਨੇ ਫ਼ਰਮਾਇਆ ਮੂਰਖ ਤੇ ਜਾਹਲ ਮੌਲਵੀ ਹਨ । ਪਰ ਅਸੀਂ ਮੁਸਲਮਾਨਾਂ ਵਿੱਚ ਵੀ ਅਤੇ ਗ਼ੈਰ ਮੁਸਲਮਾਨਾਂ ਵਿੱਚ ਇਹ ਸਿੱਖਿਆ ਆਮ ਕਰਨੀ ਹੈ । ਇਸ ਲਈ ਆਪਣੇ ਆਪਣੇ ਖੇਤਰ ਵਿੱਚ ਹਰ ਅਹਮਦੀ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ ।

ਸੋ, ਇਹਨਾਂ ਹਾਲਾਤਾਂ ਵਿੱਚ ਸਾਡੇ ਚੈਲੰਜ ਹੋਰ ਵੀ ਵੱਧ ਜਾਂਦੇ ਹਨ ਅਤੇ ਹਰ ਅਹਮਦੀ ਨੂੰ ਇਸ ਬਾਰੇ ਆਪਣੀ ਜ਼ਿੰਮੇਦਾਰੀ ਦਾ ਅਹਿਸਾਸ ਕਰਨ ਦੀ ਲੋੜ ਹੈ । ਇਸ ਦਾ ਹਰ ਇਕ ਕਰਮ ਤੇ ਅਮਲ ਇਸਲਾਮ ਦਾ ਨਮੂਨਾ ਹੋਵੇ । ਜੇਕਰ ਪ੍ਰਚਾਰ ਨਹੀਂ ਵੀ ਕਰ ਰਿਹਾ ਤਾਂ ਫਿਰ ਵੀ ਉਸ ਦਾ ਕਥਨ ਤੇ ਕਰਮ ਇਸਲਾਮ ਦਾ ਸੰਦੇਸ਼ ਪਹੁੰਚਾਉਣ ਵਾਲਾ ਹੋਵੇ । ਫਿਰ ਪ੍ਰਚਾਰ ਲਈ ਸਾਨੂੰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਇਕ ਦਾਨਾਈ ਵਾਲੀ ਗੱਲ ਨੂੰ ਵੀ ਸਾਹਮਣੇ ਰਖਣਾ ਚਾਹੀਦਾ ਹੈ । ਆਪ ਨੇ ਫ਼ਰਮਾਇਆ ਕਿ ਦਿਲਾਂ ਦੀਆਂ ਕੁਝ ਇਛੱਾਵਾਂ ਤੇ ਮੂਡ (ਮਿਲਾਨ) ਹੁੰਦੇ ਹਨ ਜਿੰਨ੍ਹਾ ਕਰਕੇ ਉਹ ਕਿਸੇ ਸਮੇਂ ਗੱਲ ਸੁਨਣ ਲਈ ਤਿਆਰ ਰਹਿੰਦੇ ਹਨ ਅਤੇ ਕਿਸੇ ਸਮੇਂ ਤਿਆਰ ਨਹੀਂ ਹੁੰਦੇ । ਕਦੇ ਮਨੁੱਖ ਕੋਈ ਗੱਲ ਸੁਨਣ ਲਈ ਤਿਆਰ ਹੁੰਦਾ ਹੈ ਕਦੇ ਨਹੀਂ ਹੁੰਦਾ, ਇਸ ਲਈ ਲੋਕਾਂ ਦੇ ਦਿਲਾਂ ਵਿੱਚ ਇਹਨਾਂ ਮੂਡ ਅਨੁਸਾਰ ਦਖ਼ਲ ਦਿਆ ਕਰੋ । ਇਹ ਦੇਖਿਆ ਕਰੋ ਕਿ ਇਸ ਸਮੇਂ ਕੀ ਅਵਸਥਾ ਹੈ ਅਤੇ ਫਿਰ ਉਸ ਅਨੁਸਾਰ ਗੱਲ ਕਰੋ ਅਤੇ ਉਸ ਸਮੇਂ ਆਪਣੀ ਗੱਲ ਕਿਹਾ ਕਰੋ ਜੱਦ ਉਹ ਗੱਲ ਸੁਨਣ ਲਈ ਤਿਆਰ ਹੋਵੇ । ਸੋ, ਇਸ ਦਾਨਾਈ ਨੂੰ ਸਾਨੂੰ ਅਪਨਾਉਂਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਆਸਟ੍ਰੇਲੀਆ ਵਿੱਚ ਇਕ ਵਰਗ ਇਸਲਾਮ ਦੁਸ਼ਮਣੀ ਵਿੱਚ ਏਥੋਂ ਤੱਕ ਪਹੁੰਚ ਗਿਆ ਹੈ ਕਿ ਜੇਕਰ ਮੁਸਲਮਾਨ ਪੁਰੁਸ਼ ਇਸਤਰੀ ਨਾਲ ਜਾਂ ਇਸਤਰੀ ਪੁਰੁਸ਼ ਨਾਲ ਹੱਥ ਨਹੀਂ ਮਿਲਾਉਂਦੇ ਤਾਂ ਉਹਨਾਂ ਨੂੰ ਦੇਸ਼ ਵਿੱਚੋਂ ਕੱਢ ਦੇਣਾ ਚਾਹੀਦਾ ਹੈ । ਇਸ ਬਾਰੇ ਦਾਨਾਈ ਨਾਲ ਆਪਣੇ ਆਪਣੇ ਸਰਕਲ ਵਿੱਚ ਹਰ ਅਹਮਦੀ ਨੂੰ ਕੰਮ ਕਰਨਾ ਚਾਹੀਦਾ ਹੈ ਜਾਂ ਹਿਜਾਬ (ਪਰਦੇ) ਦੇ ਕੁਝ ਲੋਕ ਖ਼ਿਲਾਫ਼ ਹਨ ਜਾਂ ਕੁਝ ਦੇਸ਼ਾਂ ਵਿੱਚ ਮਸਜਿਦਾਂ ਤੇ ਮਿਨਾਰਾਂ ਦੇ ਵਿਰੁਧ ਹਨ ਜਾਂ ਹਾਲੈਂਡ ਦੇ ਇਕ ਰਾਜਨੀਤਕ ਦਾ ਬਿਆਨ ਹੈ ਕਿ ਸਾਰਿਆਂ ਮੁਸਲਮਾਨਾਂ ਨੂੰ ਹੀ ਦੇਸ਼ ਵਿੱਚੋਂ ਕੱਢ ਦਿਓ ਜਾਂ ਇਕ ਵਿਸ਼ੇਸ਼ ਦੇਸ਼ ਦੇ ਮੁਸਲਮਾਨਾਂ ਨੂੰ ਦੇਸ਼ ਵਿੱਚੋਂ ਕੱਢ ਦਿਓ । ਜਾਂ ਅਮਰੀਕਾ ਦੇ ਰਾਸ਼ਟਰਪਤੀ ਕਈ ਮੁਸਲਮਾਨ ਦੇਸ਼ਾਂ ਦੇ ਲੋਕਾਂ'ਤੇ ਪਾਬੰਧੀਆਂ ਲਾਉਂਣਾ ਚਾਹੁੰਦੇ ਹਨ ਤਾਂ ਇਹ ਬੇਸ਼ਕ ਇਸਲਾਮ ਵਿਰੋਧੀ ਸੋਚ ਦਾ ਸਿਟਾੱ ਹੈ । ਇਹਨਾਂ ਦੇਸ਼ਾਂ ਵਿੱਚ ਜਿੱਥੇ ਇਸਲਾਮ ਦੇ ਖ਼ਿਲਾਫ਼ ਸ਼ਕਤੀਆਂ ਜ਼ੋਰ ਫੜ ਰਹੀਆਂ ਹਨ ਉਹਨਾਂ ਦੇ ਜ਼ੋਰ ਨੂੰ ਤੋੜਨ ਲਈ ਜੇਕਰ ਕੋਈ ਜਤਨ ਕਰ ਸਕਦਾ ਹੈ ਤਾਂ ਵਿਵਸਥਤ ਜਤਨ ਤਾਂ ਉਹ ਜਮਾਤ ਅਹਮਦੀਆ ਹੀ ਕਰ ਸਕਦੀ ਹੈ ਦੂਜੇ ਮੁਸਲਮਾਨ ਇਸਲਾਮ ਦੀ ਸੁੰਦਰਤਾ ਨੂੰ ਪ੍ਰਕਟ ਕਰਨ ਅਤੇ ਉਸ ਦਾ ਸੰਦੇਸ਼ ਪਹੁੰਚਾਉਂਣ ਦਾ ਕੰਮ ਕਰ ਹੀ ਨਹੀਂ ਸਕਦੇ । ਉਹਨਾਂ ਵਿੱਚ ਉਹ ਤਨਜ਼ੀਮ ਹੀ ਨਹੀਂ ਹੈ ਨ ਉਹਨਾਂ ਕੋਲ ਗਿਆਨ ਹੈ । ਇਹ ਕੰਮ ਹੁਣ ਕੇਵਲ ਹਜ਼ਰਤ

ਮਸੀਹ ਮੌਊਦ ਅਲੈਹਿ ਸਲਾਮ ਨਾਲ ਸਲੰਗਤ ਹੋਣ ਵਾਲਿਆਂ ਰਾਹੀਂ ਮੁਕਦੱਰ ਹੈ । ਸੋ, ਇਸ ਗੱਲ ਦੀ ਮਹਤੱਾ ਨੂੰ ਸਾਨੂੰ ਸਮਝਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਸਲਾਮ ਦੀ ਸੁਰੱਖਿਆ ਤੇ ਸਚਾੱਈ ਨੂੰ ਪ੍ਰਕਟ ਕਰਨ ਲਈ ਇਸਲਾਮ ਦੀ ਸੁਰੱਖਿਆ ਤੇ ਸਚਾੱਈ ਦੇ ਪ੍ਰਗਟਾਵੇ ਲਈ ਸਭ ਤੋਂ ਪਹਿਲਾਂ ਤਾਂ ਉਹ ਪੱਖ ਹੈ ਕਿ ਤੁਸੀਂ ਸੱਚੇ ਮੁਸਲਮਾਨਾਂ ਦਾ ਨਮੂਨਾ ਬਣ ਕੇ ਦਿਖਾਓ ਅਤੇ ਦੂਜਾ ਪੱਖ ਇਹ ਹੈ ਕਿ ਇਸ ਦੀਆਂ ਖ਼ੂਬੀਆਂ ਤੇ ਕਮਾਲ ਨੂੰ ਦੁਨੀਆ ਵਿੱਚ ਫੈਲਾਓ ।

ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਆਪਣੇ ਜੀਵਨ ਨੂੰ ਇਸ ਅਨੁਸਾਰ ਬਤੀਤ ਕਰਨ ਵਾਲੇ ਹੋਈਏ ਸੱਚੇ ਮੁਸਲਮਾਨਾਂ ਦਾ ਨਮੂਨਾ ਬਣਨ ਵਾਲੇ ਹੋਈਏ ਅਤੇ ਸਾਰੀਆਂ ਵਿਰੋਧਤਵਾਂ ਦੇ ਹੁੰਦਿਆਂ ਹੋਇਆਂ ਵੀ ਇਸਲਾਮ ਦੀਆਂ ਖ਼ੂਬੀਆਂ ਤੇ ਅਮਲਾਂ ਨੂੰ ਦੁਨੀਆ ਵਿੱਚ ਫੈਲਾਉਣ ਵਾਲੇ ਬਣੀਏ । ਸੱਚੇ ਅਤੇ ਹਕੀਕੀ ਇਸਲਾਮ ਦੀ ਸੁਰੱਖਿਆ ਅਤੇ ਸਚਾੱਈ ਪ੍ਰਕਟ ਕਰਨ ਵਾਲਿਆਂ ਵਿੱਚੋਂ ਸਾਡੇ ਵਿੱਚੋਂ ਹਰ ਕੋਈ ਬਣ ਜਾਵੇ ।

ਹਜ਼ੂਰ ਅਨਵਰ ਅਯੱਦਾਹੁਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਮੁਹਤਰਮ ਮੌਲਾਨਾ ਹਕੀਮ ਮੁਹਮੱਦ ਦੀਨ ਸਾਹਬ ਕਾਦੀਆਂ, ਮੁਕਰੱਮ ਫ਼ਜ਼ਲ ਇਲਾਹੀ ਅਨਵਰੀ ਸਾਹਬ ਜਰਮਨੀ ਅਤੇ ਮੁਕਰੱਮ ਇਬ੍ਰਾਹੀਮ ਬਿਨ ਅਬਦੁਲੱਾਹ ਅਬਜ਼ੋਲ ਸਾਹਬ ਮਰਾਕਸ਼ ਦੀ ਨਮਾਜ਼ ਜਨਾਜ਼ਾਹ ਗਾਇਬ ਪੜ੍ਹਨ ਦਾ ਐਲਾਨ ਫ਼ਰਮਾਇਆ ਅਤੇ ਉਹਨਾਂ ਦੇ ਗੁਣਾ ਦਾ ਉੱਲੇਖ ਕੀਤਾ ।

**Khulasa Khutba Jumma 17 .03.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131